**ਲੰਬੇ ਫਾਰਮ ਦਾ ਨੋਟਿਸ**

# ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੁਆਰਾ ਅਧਿਕਾਰਤ ਕਾਨੂੰਨੀ ਨੋਟਿਸ
## ਨੈਵਿਸਟਾਰ ਮੈਕਸਫੌਰਸ ਇੰਜਣ (Navistar MaxxForce Engine) ਬਾਰੇ ਕਲਾਸ ਐਕਸ਼ਨ ਅਤੇ ਪ੍ਰਸਤਾਵਿਤ ਨਿਪਟਾਰਾ

**ਨੋਟਿਸ ਕਿਸ ਨੂੰ:** ਕਿਊਬੈਕ ਨੂੰ ਛੱਡ ਕੇ, ਕੈਨੇਡਾ ਵਿੱਚ ਉਹਨਾਂ ਸਾਰੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ, ਜਿਨ੍ਹਾਂ ਨੇ 24 ਫਰਵਰੀ, 2022 ਨੂੰ ਜਾਂ ਇਸ ਤੋਂ ਪਹਿਲਾਂ, MaxxForce 11-, 13-, ਜਾਂ 15-ਲੀਟਰ ਇੰਜਣ ਨਾਲ ਲੈਸ ਇੱਕ ਜਾਂ ਇੱਕ ਤੋਂ ਵੱਧ 2011-2014 ਸਾਲਾਂ ਦੇ ਮਾਡਲ ਵਾਲੇ ਨੈਵਿਸਟਾਰ (Navistar) ਵਾਹਨਾਂ ਨੂੰ ਖਰੀਦਿਆ ਜਾਂ 30 ਦਿਨਾਂ ਤੋਂ ਵੱਧ ਲਈ ਲੀਜ਼ 'ਤੇ ਲਿਆ।

**ਤੁਹਾਡੇ ਕਾਨੂੰਨੀ ਅਧਿਕਾਰ ਪ੍ਰਭਾਵਿਤ ਹੋ ਸਕਦੇ ਹਨ ਭਾਵੇਂ ਤੁਸੀਂ ਕੋਈ ਕਾਰਵਾਈ ਕਰੋ ਜਾਂ ਨਹੀਂ। ਇਸ ਨੋਟਿਸ ਨੂੰ ਧਿਆਨ ਨਾਲ ਪੜ੍ਹੋ।**

ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਨਿਪਟਾਰਾ ਕਲਾਸ ਦੇ ਮੈਂਬਰ ਹੋ ਸਕਦੇ ਹੋ, ਤਾਂ ਤੁਹਾਡੇ ਕਾਨੂੰਨੀ ਅਧਿਕਾਰ ਪ੍ਰਸਤਾਵਿਤ ਨਿਪਟਾਰੇ ਦੁਆਰਾ ਪ੍ਰਭਾਵਿਤ ਹੋ ਸਕਦੇ ਹਨ।

ਜੇਕਰ ਨਿਪਟਾਰੇ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਤੁਹਾਡੀ ਮਾਲਕੀ ਜਾਂ ਲੀਜ਼ ਦੇ ਮਹੀਨਿਆਂ ਦੇ ਆਧਾਰ 'ਤੇ, ਤੁਸੀਂ ਪ੍ਰਤੀ ਕਲਾਸ ਵਾਹਨ $2,500 ਤੱਕ ਨਕਦ, ਨਵੇਂ ਹੈਵੀ-ਡਿਊਟੀ Navistar ਟਰੱਕ ਲਈ $10,000 ਤੱਕ ਦੀ ਛੋਟ, ਜਾਂ ਕੁਝ ਖਾਸ ਸਾਬਤ ਲਾਗਤਾਂ ਲਈ ਭੁਗਤਾਨ ਵਜੋਂ $15,000 ਤੱਕ ਦੇ ਹੱਕਦਾਰ ਹੋ ਸਕਦੇ ਹੋ।

### ਮੁਕੱਦਮਾ ਕਿਸ ਬਾਰੇ ਹੈ?

ਬ੍ਰਿਟਿਸ਼ ਕੋਲੰਬੀਆ ਵਿੱਚ Navistar Canada ULC, Navistar, Inc., Navistar International Corporation, Harbour International Trucks Ltd. ("ਬਚਾਅ ਪੱਖ") ਦੇ ਖਿਲਾਫ ਕੈਨੇਡਾ ਵਿੱਚ (ਕਿਊਬੈਕ ਨੂੰ ਛੱਡ ਕੇ) ਸਾਰੇ ਅਜਿਹੇ ਵਿਅਕਤੀਆਂ ਦੀ ਤਰਫੋਂ ਇੱਕ ਕਲਾਸ ਐਕਸ਼ਨ ਮੁਕੱਦਮਾ ਸ਼ੁਰੂ ਕੀਤਾ ਗਿਆ ਸੀ ਜਿਨ੍ਹਾਂ ਨੇ 11-, 13-, ਜਾਂ 15-ਲੀਟਰ ਵਾਲੇ MaxxForce ਇੰਜਣ ਨਾਲ ਲੈਸ, 2011-2014 ਸਾਲਾਂ ਦੇ ਮਾਡਲ ਵਾਲੇ ਕਿਸੇ Navistar ਵਾਹਨ ਨੂੰ ਖਰੀਦਿਆ ਜਾਂ ਲੀਜ਼ 'ਤੇ ਲਿਆ ਹੈ। ਐਕਸ਼ਨ ਦਾ ਦਾਅਵਾ ਹੈ ਕਿ ਬਚਾਅ ਪੱਖ ਨੇ ਇੱਕ ਖਰਾਬ EGR ਨਿਕਾਸੀ ਪ੍ਰਣਾਲੀ ਨਾਲ ਲੈਸ ਕਲਾਸ ਵਾਹਨ ਵੇਚੇ ਜਾਂ ਲੀਜ਼ 'ਤੇ ਦਿੱਤੇ। ਬਚਾਅ ਪੱਖ ਇਹਨਾਂ ਇਲਜ਼ਾਮਾਂ ਤੋਂ ਇਨਕਾਰ ਕਰਦਾ ਹੈ ਪਰ ਮੁਦੱਈਆਂ ਨਾਲ ਨਿਪਟਾਰਾ ("ਸੈਟਲਮੈਂਟ") ਕਰਨ ਲਈ ਸਹਿਮਤ ਹੋਇਆ ਹੈ। ਸਮਝੌਤੇ ਨੂੰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਦੁਆਰਾ ਮਨਜ਼ੂਰੀ ਦਿੱਤੀ ਜਾਣੀ ਜ਼ਰੂਰੀ ਹੈ।

### ਤੁਹਾਡੇ ਵਿਕਲਪ ਇਹ ਹਨ:

1. **ਕੁਝ ਨਾ ਕਰਨਾ (ਹਿੱਸਾ ਲੈਣਾ):** ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਸੈਟਲਮੈਂਟ ਕਲਾਸ ਮੈਂਬਰ ਬਣਨ ਦੇ ਯੋਗ ਹੋ ਅਤੇ ਤੁਸੀਂ ਕੁਝ ਨਹੀਂ ਕਰਦੇ, ਤਾਂ ਤੁਹਾਨੂੰ ਆਪਣੇ ਆਪ ਹੀ ਕਲਾਸ ਵਿੱਚ ਸ਼ਾਮਲ ਕੀਤਾ ਜਾਵੇਗਾ। ਤੁਹਾਨੂੰ ਸਮਝੌਤੇ ਵਿੱਚ ਤਾਂ ਵੀ ਸ਼ਾਮਲ ਕੀਤਾ ਜਾਵੇਗਾ ਜੇਕਰ ਇਹ ਅਦਾਲਤ ਦੁਆਰਾ ਮਨਜ਼ੂਰ ਕੀਤਾ ਜਾਂਦਾ ਹੈ ਅਤੇ ਦਾਅਵਾ ਕਿਵੇਂ ਕਰਨਾ ਹੈ, ਇਸ ਬਾਰੇ ਹਦਾਇਤਾਂ ਨਾਲ ਸੂਚਿਤ ਕੀਤਾ ਜਾਵੇਗਾ।
2. **ਔਪਟ-ਆਊਟ (ਕਾਰਵਾਈ ਤੋਂ ਬਾਹਰ ਨਿਕਲਣਾ):** ਜੇਕਰ ਤੁਸੀਂ ਸੋਚਦੇ ਹੋ ਕਿ ਤੁਸੀਂ ਸੈਟਲਮੈਂਟ ਕਲਾਸ ਦੇ ਮੈਂਬਰ ਹੋ ਪਰ ਐਕਸ਼ਨ ਜਾਂ ਸੈਟਲਮੈਂਟ ਵਿੱਚ ਹਿੱਸਾ ਨਹੀਂ ਲੈਣਾ ਚਾਹੁੰਦੇ ਹੋ, ਤਾਂ ਤੁਸੀਂ ਐਕਸ਼ਨ ਤੋਂ "ਔਪਟ ਆਊਟ" ਕਰ ਸਕਦੇ ਹੋ। ਤੁਹਾਡੇ ਲਈ 17 ਨਵੰਬਰ, 2023 ਤੱਕ ਸੈਟਲਮੈਂਟ ਐਡਮਿਨਿਸਟ੍ਰੇਟਰ ਨੂੰ ਨੋਟਿਸ ਦੇਣਾ ਜ਼ਰੂਰੀ ਹੈ। ਜੇਕਰ ਤੁਸੀਂ 17 ਨਵੰਬਰ, 2023 ਤੱਕ ਔਪਟ-ਆਊਟ ਨਹੀਂ ਕਰਦੇ ਹੋ, ਤਾਂ ਤੁਸੀਂ ਸੈਟਲਮੈਂਟ (ਜੇ ਮਨਜ਼ੂਰੀ ਦਿੱਤੀ ਗਈ ਹੈ) ਸਮੇਤ ਐਕਸ਼ਨ ਦੇ ਨਤੀਜੇ ਲਈ ਪਾਬੰਦ ਹੋਵੋਗੇ। ਜੇਕਰ ਤੁਸੀਂ ਔਪਟ-ਆਊਟ ਕਰਦੇ ਹੋ, ਤਾਂ ਮੁਕੱਦਮਾ ਅਤੇ ਸਮਝੌਤਾ ਤੁਹਾਡੇ 'ਤੇ ਪ੍ਰਭਾਵ ਨਹੀਂ ਪਾਉਣਗੇ।
3. **ਇਤਰਾਜ਼ ਜਾਂ ਟਿੱਪਣੀ ਕਰਨਾ:** ਜੇਕਰ ਤੁਸੀਂ ਸੈਟਲਮੈਂਟ ਕਲਾਸ ਵਿੱਚ ਰਹਿਣਾ ਚਾਹੁੰਦੇ ਹੋ ਪਰ ਤੁਹਾਨੂੰ ਸੈਟਲਮੈਂਟ 'ਤੇ ਟਿੱਪਣੀਆਂ ਜਾਂ ਇਤਰਾਜ਼ ਹਨ, ਤਾਂ ਤੁਸੀਂ ਆਪਣੇ ਇਤਰਾਜ਼ ਜਾਂ ਟਿੱਪਣੀਆਂ ਦੇ ਸਕਦੇ ਹੋ। ਸੈਟਲਮੈਂਟ ਨੂੰ ਮਨਜ਼ੂਰੀ ਦੇਣ ਦਾ ਫੈਸਲਾ ਕਰਦੇ ਸਮੇਂ ਅਦਾਲਤ ਕਿਸੇ ਵੀ ਦਾਇਰ ਇਤਰਾਜ਼ ਜਾਂ ਟਿੱਪਣੀ 'ਤੇ ਵਿਚਾਰ ਕਰੇਗੀ। ਤੁਸੀਂ 17 ਨਵੰਬਰ, 2023 ਤੱਕ ਕਲਾਸ ਕਾਊਂਸਲ ਨੂੰ ਆਪਣੇ ਇਤਰਾਜ਼ ਦਾ ਨੋਟਿਸ ਦੇ ਕੇ ਸੈਟਲਮੈਂਟ 'ਤੇ ਇਤਰਾਜ਼ ਕਰ ਸਕਦੇ ਹੋ। ਕਲਾਸ ਕਾਊਂਸਲ ਪ੍ਰਾਪਤ ਹੋਈਆਂ ਸਾਰੀਆਂ ਬੇਨਤੀਆਂ ਅਦਾਲਤ ਨੂੰ ਭੇਜ ਦੇਵੇਗਾ।

**ਮੁਢਲੀ ਜਾਣਕਾਰੀ**

## ਕਲਾਸ ਐਕਸ਼ਨ ਕੀ ਹੈ?

ਕਲਾਸ ਐਕਸ਼ਨ ਇੱਕ ਜਾਂ ਇੱਕ ਤੋਂ ਵੱਧ ਲੋਕਾਂ ਦੁਆਰਾ, ਉਹਨਾਂ ਹੋਰ ਲੋਕਾਂ ਦੀ ਤਰਫੋਂ ਜਿਨ੍ਹਾਂ ਦੇ ਇਹੋ ਜਿਹੇ ਹੀ ਦਾਅਵੇ ਹਨ, ਦਾਇਰ ਕੀਤਾ ਮੁਕੱਦਮਾ ਹੁੰਦਾ ਹੈ ਅਤੇ ਇਹਨਾਂ ਨੂੰ ਪ੍ਰਤੀਨਿਧੀ ਮੁਦੱਈ ਕਿਹਾ ਜਾਂਦਾ ਹੈ। ਇਕੱਠੇ ਮਿਲ ਕੇ ਇਹ ਲੋਕ ਇੱਕ "ਕਲਾਸ" ਜਾਂ ਕਲਾਸ ਮੈਂਬਰ ਬਣਾਉਂਦੇ ਹਨ। ਜਿਨ੍ਹਾਂ ਕੰਪਨੀਆਂ 'ਤੇ ਉਨ੍ਹਾਂ ਨੇ ਮੁਕੱਦਮਾ ਚਲਾਇਆ ਹੁੰਦਾ ਹੈ, ਉਨ੍ਹਾਂ ਨੂੰ "ਬਚਾਅ ਪੱਖ" ਕਿਹਾ ਜਾਂਦਾ ਹੈ। ਇੱਕੋ ਅਦਾਲਤ ਕਲਾਸ ਦੇ ਸਾਰੇ ਮੈਂਬਰਾਂ ਲਈ ਆਮ ਕਾਨੂੰਨੀ ਮੁੱਦਿਆਂ ਨੂੰ ਹੱਲ ਕਰਦੀ ਹੈ, ਉਹਨਾਂ ਲੋਕਾਂ ਨੂੰ ਛੱਡ ਕੇ ਜੋ ਆਪਣੇ ਆਪ ਨੂੰ ਸੈਟਲਮੈਂਟ ਕਲਾਸ ਤੋਂ ਬਾਹਰ ਕਰਨ, ਜਾਂ ਬਾਹਰ ਹੋਣ ਦੀ ਚੋਣ ਕਰਦੇ ਹਨ।

ਮੌਜੂਦਾ ਐਕਸ਼ਨ ਵਿੱਚ N&C Transportation Ltd. ਪ੍ਰਤੀਨਿਧੀ ਮੁਦੱਈ ਹੈ।

## ਮੈਨੂੰ ਇਹ ਨੋਟਿਸ ਕਿਉਂ ਮਿਲਿਆ?

ਤੁਹਾਨੂੰ ਇਹ ਨੋਟਿਸ ਮਿਲਿਆ ਹੈ ਕਿਉਂਕਿ ਸਾਡੇ ਰਿਕਾਰਡ ਦਰਸਾਉਂਦੇ ਹਨ ਕਿ ਤੁਸੀਂ ਸੈਟਲਮੈਂਟ ਕਲਾਸ ਦੇ ਮੈਂਬਰ ਹੋ ਸਕਦੇ ਹੋ। ਜੇਕਰ ਤੁਸੀਂ ਸੈਟਲਮੈਂਟ ਕਲਾਸ ਦੇ ਮੈਂਬਰ ਹੋ ਅਤੇ ਆਪਣੇ ਆਪ ਨੂੰ ਬਾਹਰ ("ਔਪਟ ਆਊਟ") ਨਹੀਂ ਕਰਦੇ, ਤਾਂ ਕਾਰਵਾਈ ਦਾ ਨਤੀਜਾ ਤੁਹਾਡੇ 'ਤੇ ਅਸਰ ਪਾਵੇਗਾ।

ਇਸ ਨੋਟਿਸ ਅਤੇ ਛੋਟੇ ਰੂਪ ਵਾਲੇ ਨੋਟਿਸ ਨੂੰ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ("ਅਦਾਲਤ") ਦੁਆਰਾ ਸੰਭਾਵੀ ਸੈਟਲਮੈਂਟ ਕਲਾਸ ਮੈਂਬਰਾਂ ਨੂੰ ਉਹਨਾਂ ਦੇ ਅਧਿਕਾਰਾਂ ਬਾਰੇ ਸੂਚਿਤ ਕਰਨ ਲਈ ਮਨਜ਼ੂਰੀ ਦਿੱਤੀ ਗਈ ਹੈ।

## ਇਹ ਮੁਕੱਦਮਾ ਕਿਸ ਬਾਰੇ ਹੈ?

ਐਕਸ਼ਨ ਦਾ ਦਾਅਵਾ ਹੈ ਕਿ ਬਚਾਅ ਪੱਖ ਨੇ 2011-2014 ਮਾਡਲ ਸਾਲ ਦੇ MaxxForce 11-, 13-, ਅਤੇ 15-ਲੀਟਰ ਡੀਜ਼ਲ ਇੰਜਣ ਨਾਲ ਲੈਸ ਵਾਹਨ ਵੇਚੇ ਜਾਂ ਲੀਜ਼ 'ਤੇ ਦਿੱਤੇ ਜਿਨ੍ਹਾਂ ਵਿੱਚ EGR ਨਿਕਾਸੀ ਪ੍ਰਣਾਲੀ ਨੁਕਸਦਾਰ ਸੀ। ਇਹਨਾਂ ਨੂੰ "ਕਲਾਸ ਵਾਹਨ" ਕਿਹਾ ਜਾਂਦਾ ਹੈ। ਬਚਾਅ ਪੱਖ ਨੇ ਐਕਸ਼ਨ ਵਿੱਚ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਅਤੇ ਇਹ ਕਿ ਉਨ੍ਹਾਂ ਨੇ ਕੁਝ ਗਲਤ ਕੀਤਾ ਹੈ। ਮੁਕੱਦਮਾ ਸੈਟਲਮੈਂਟ ਕਲਾਸ ਲਈ ਹਰਜਾਨੇ (ਪੈਸੇ) ਦੀ ਮੰਗ ਕਰਦਾ ਹੈ।

ਇਸ ਐਕਸ਼ਨ ਨੂੰ *N&C Transportation Ltd. ਬਨਾਮ Navistar International Corporation*, ਸੁਪਰੀਮ ਕੋਰਟ ਆਫ਼ ਬ੍ਰਿਟਿਸ਼ ਕੋਲੰਬੀਆ ਐਕਸ਼ਨ ਨੰਬਰ S 144960, ਵੈਨਕੂਵਰ ਰਜਿਸਟਰੀ ਕਿਹਾ ਜਾਂਦਾ ਹੈ।

## ਨਿਪਟਾਰਾ (ਸੈਟਲਮੈਂਟ) ਕੀ ਹੈ?

ਨਿਪਟਾਰਾ ਉਦੋਂ ਹੁੰਦਾ ਹੈ ਜਦੋਂ ਕੋਈ ਬਚਾਅ ਪੱਖ ਇਸਦੇ ਵਿਰੁੱਧ ਕੇਸ ਖਾਰਜ ਕਰਨ ਦੇ ਬਦਲੇ ਵਿੱਚ ਕਲਾਸ ਐਕਸ਼ਨ ਦੇ ਮੈਂਬਰਾਂ ਨੂੰ ਪੈਸੇ ਦੇਣ ਲਈ ਸਹਿਮਤ ਹੁੰਦਾ ਹੈ।

ਅਦਾਲਤ ਨੇ ਪ੍ਰਤੀਨਿਧੀ ਮੁਦੱਈ ਜਾਂ ਬਚਾਅ ਪੱਖ ਦੇ ਹੱਕ ਵਿੱਚ ਫੈਸਲਾ ਨਹੀਂ ਕੀਤਾ ਹੈ। ਇਸ ਦੀ ਬਜਾਏ, ਦੋਵੇਂ ਧਿਰਾਂ ਮੁਕੱਦਮੇਬਾਜ਼ੀ ਨੂੰ ਸਮਝੌਤੇ ਨਾਲ ਹੱਲ ਕਰਨ ਲਈ ਸਹਿਮਤ ਹੋ ਗਈਆਂ ਹਨ। ਇਸ ਤਰ੍ਹਾਂ, ਉਹ ਅਦਾਲਤੀ ਮੁਕੱਦਮੇ ਦੇ ਜੋਖਮ ਅਤੇ ਲਾਗਤ ਤੋਂ ਬਚਦੇ ਹਨ, ਅਤੇ ਪ੍ਰਭਾਵਿਤ ਲੋਕਾਂ ਅਤੇ ਸੰਸਥਾਵਾਂ ਨੂੰ ਮੁਆਵਜ਼ਾ ਮਿਲੇਗਾ। ਪ੍ਰਤੀਨਿਧੀ ਮੁਦੱਈ ਅਤੇ ਕਲਾਸ ਕਾਉਂਸਲ ਦਾ ਮੰਨਣਾ ਹੈ ਕਿ ਪ੍ਰਸਤਾਵਿਤ ਸਮਝੌਤਾ ਸੈਟਲਮੈਂਟ ਕਲਾਸ ਨੂੰ ਕਾਫ਼ੀ ਲਾਭ ਪ੍ਰਦਾਨ ਕਰਦਾ ਹੈ ਅਤੇ ਇਹ ਫੈਸਲਾ ਕੀਤਾ ਹੈ ਕਿ ਇਹ ਉਹਨਾਂ ਦੇ ਸਰਵੋਤਮ ਹਿੱਤ ਵਿੱਚ ਹੈ, ਕਿਉਂਕਿ ਇਹ ਐਕਸ਼ਨ ਦੇ ਇੱਕ ਨਿਰਪੱਖ, ਵਾਜਬ ਅਤੇ ਢੁਕਵੇਂ ਹੱਲ ਨੂੰ ਦਰਸਾਉਂਦਾ ਹੈ।

ਬਚਾਅ ਪੱਖ ਕਾਰਵਾਈ ਵਿੱਚਲੇ ਦਾਅਵਿਆਂ ਤੋਂ ਇਨਕਾਰ ਕਰਦੇ ਹਨ। ਇਸਦਾ ਮਤਲਬ ਹੈ ਕਿ ਉਹ ਪ੍ਰਤੀਨਿਧ ਮੁਦੱਈ ਅਤੇ ਸੈਟਲਮੈਂਟ ਕਲਾਸ ਦੇ ਗਲਤ ਕੰਮ, ਨੁਕਸ, ਦੇਣਦਾਰੀ, ਜਾਂ ਨੁਕਸਾਨ ਦੇ ਸਾਰੇ ਇਲਜ਼ਾਮਾਂ ਤੋਂ ਇਨਕਾਰ ਕਰਦੇ ਹਨ ਅਤੇ ਇਨਕਾਰ ਕਰਦੇ ਹਨ ਕਿ ਉਹਨਾਂ ਨੇ ਕਿਸੇ ਵੀ ਤਰੀਕੇ ਨਾਲ ਕੋਈ ਗਲਤ ਕੰਮ ਜਾਂ ਗਲਤ ਢੰਗ ਨਾਲ ਕੰਮ ਕੀਤਾ ਹੈ। ਫਿਰ ਵੀ ਬਚਾਓ ਪੱਖ ਉਸ ਖਰਚੇ ਅਤੇ ਸਮੇਂ ਨੂੰ ਪਛਾਣਦੇ ਹਨ ਜੋ ਮੁਕੱਦਮੇ ਰਾਹੀਂ ਬਚਾਅ ਕਰਨ ਲਈ ਲੋੜੀਂਦਾ ਹੋਵੇਗਾ ਅਤੇ ਇਸ ਸਮਝੌਤੇ ਲਈ ਸਹਿਮਤ ਹੋਣ ਲਈ ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਹੈ। ਸੈਟਲਮੈਂਟ, ਜੇਕਰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਬਚਾਓ ਪੱਖ ਦੇ ਵਿਰੁੱਧ ਪੂਰੇ ਬਕਾਇਆ ਕਲਾਸ ਮੁਕੱਦਮੇ ਨੂੰ ਰਾਸ਼ਟਰੀ ਆਧਾਰ 'ਤੇ ਹੱਲ ਕਰੇਗੀ, ਜਿਸ ਵਿੱਚ ਪਹਿਲਾਂ ਓਨਟਾਰੀਓ, ਐਲਬਰਟਾ ਅਤੇ ਮੈਨੀਟੋਬਾ ਵਿੱਚ ਵਕੀਲਾਂ ਦੁਆਰਾ ਲਿਆਂਦੇ ਗਏ ਇਹੋ ਜਿਹੇ ਕੇਸ ਸ਼ਾਮਲ ਹਨ।

ਸੈਟਲਮੈਂਟ ਨੂੰ ਪ੍ਰਭਾਵੀ ਬਣਨ ਲਈ ਅਦਾਲਤ ਦੁਆਰਾ ਮਨਜ਼ੂਰ ਕੀਤਾ ਜਾਣਾ ਜ਼ਰੂਰੀ ਹੈ।

## ਸੈਟਲਮੈਂਟ ਕਲਾਸ ਵਿੱਚ ਕੌਣ-ਕੌਣ ਸ਼ਾਮਲ ਹੈ?

ਇਹ ਨੋਟਿਸ ਅਤੇ ਮੁਕੱਦਮਾ ਤੁਹਾਨੂੰ ਸਿਰਫ਼ ਉਦੋਂ ਹੀ ਪ੍ਰਭਾਵਿਤ ਕਰਦਾ ਹੈ ਜੇਕਰ ਤੁਸੀਂ ਸੈਟਲਮੈਂਟ ਕਲਾਸ ਦਾ ਹਿੱਸਾ ਹੋ।

### ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਂ ਕਲਾਸ ਦਾ ਹਿੱਸਾ ਹਾਂ?

ਅਦਾਲਤ ਨੇ ਫੈਸਲਾ ਕੀਤਾ ਕਿ ਹਰ ਕੋਈ ਜੋ ਨਿਮਨਲਿਖਤ ਪਰਿਭਾਸ਼ਾ ਨੂੰ ਪੂਰਾ ਕਰਦਾ ਹੈ ਇੱਕ ਸੈਟਲਮੈਂਟ ਕਲਾਸ ਮੈਂਬਰ ਹੈ:

> ਕੈਨੇਡਾ ਵਿੱਚ ਰਹਿਣ ਵਾਲੇ ਸਾਰੇ ਕੁਦਰਤੀ ਵਿਅਕਤੀ ਜਾਂ ਸੰਸਥਾਵਾਂ ਜੋ ਕਿਊਬੈਕ ਵਿੱਚ ਵਸਨੀਕ ਨਹੀਂ ਹਨ, ਜਿਨ੍ਹਾਂ ਨੇ 24 ਫਰਵਰੀ, 2022 ਨੂੰ ਜਾਂ ਇਸ ਤੋਂ ਪਹਿਲਾਂ, ਇੱਕ ਜਾਂ ਇੱਕ ਤੋਂ ਵੱਧ "ਕਲਾਸ" ਵਾਹਨ ਖਰੀਦੇ ਹਨ ਜਾਂ 30 ਦਿਨਾਂ ਤੋਂ ਵੱਧ ਸਮੇਂ ਲਈ ਲੀਜ਼ 'ਤੇ ਲਏ ਹਨ, ਸਿਵਾਏ ਇਹਨਾਂ ਲੋਕਾਂ ਦੇ: (1) ਉਹ ਸਾਰੇ ਵਿਅਕਤੀ ਜਿਨ੍ਹਾਂ ਨੇ ਕਲਾਸ ਵਾਹਨਾਂ ਦੀ ਕਥਿਤ ਤੌਰ 'ਤੇ ਨੁਕਸਦਾਰ EGR ਨਿਕਾਸੀ ਪ੍ਰਣਾਲੀ ਨੂੰ ਸ਼ਾਮਲ ਕਰਨ ਵਾਲੇ ਦਾਅਵਿਆਂ ਦਾ ਮੁਕੱਦਮਾ, ਇੱਕ ਜਾਂ ਇੱਕ ਤੋਂ ਵੱਧ ਬਚਾਅ ਪੱਖ ਦੇ ਵਿਰੁੱਧ, ਅੰਤਿਮ, ਗੈਰ-ਅਪੀਲਯੋਗ ਨਿਰਣੇ (ਸਿਰਫ਼ ਉਨ੍ਹਾਂ ਵਾਹਨਾਂ ਦੇ ਸਬੰਧ ਵਿੱਚ) ਤੱਕ ਚਲਾਇਆ ਹੈ; (2) ਉਹ ਸਾਰੇ ਵਿਅਕਤੀ ਜਿਨ੍ਹਾਂ ਨੇ, ਕਿਸੇ ਸਮਝੌਤੇ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ, ਇੱਕ ਜਾਂ ਇੱਕ ਤੋਂ ਵੱਧ ਬਚਾਅ ਪੱਖ ਨੂੰ ਆਪਣੇ ਦਾਅਵਿਆਂ ਨੂੰ ਜਾਰੀ ਕੀਤਾ ਹੈ ਜਿਨ੍ਹਾਂ ਵਿੱਚ ਕਲਾਸ ਵਾਹਨਾਂ ਦੀ ਕਥਿਤ ਤੌਰ 'ਤੇ ਨੁਕਸਦਾਰ EGR ਨਿਕਾਸੀ ਪ੍ਰਣਾਲੀ (ਸਿਰਫ਼ ਉਨ੍ਹਾਂ ਵਾਹਨਾਂ ਦੇ ਸਬੰਧ ਵਿੱਚ) ਸ਼ਾਮਲ ਹੈ, ਅਤੇ 4037308 Canada Inc. ਬਨਾਮ Navistar Canada Inc., ਸੁਪੀਰੀਅਰ ਕੋਰਟ ਆਫ਼ ਕਿਊਬੈਕ ਫਾਈਲ ਨੰਬਰ 500-06-000720-140, ਡਿਸਟ੍ਰਿਕਟ ਆਫ਼ ਮਾਂਟਰੀਅਲ ਦੇ ਸਮਝੌਤੇ ਸਮੇਤ ਕਿਸੇ ਸਮਝੋਤੇ ਰਾਹੀਂ ਜਾਂ ਹੋਰ ਤਰੀਕੇ ਨਾਲ ਆਪਣੇ ਇੱਕ ਜਾਂ ਵੱਧ ਦਾਅਵਿਆਂ ਦਾ ਰਿਲੀਜ਼ ਪ੍ਰਾਪਤ ਕੀਤਾ ਹੈ; (3) ਬਚਾਅ ਪੱਖ ਦੇ ਕਰਮਚਾਰੀ, ਅਧਿਕਾਰੀ, ਨਿਰਦੇਸ਼ਕ, ਏਜੰਟ, ਅਤੇ ਪ੍ਰਤੀਨਿਧੀ, ਅਤੇ ਉਹਨਾਂ ਦੇ ਪਰਿਵਾਰਕ ਮੈਂਬਰ; (4) ਨਵੇਂ ਜਾਂ ਵਰਤੇ ਗਏ Naivstar ਵਾਹਨਾਂ ਦਾ ਕੋਈ ਵੀ ਅਧਿਕਾਰਤ ਡੀਲਰ; (5) ਕੋਈ ਵੀ ਵਿਅਕਤੀ ਜਿਸਨੇ ਸਿਰਫ਼ ਮੁੜ ਵਿਕਰੀ ਦੇ ਉਦੇਸ਼ਾਂ ਲਈ ਜਾਂ ਕਿਸੇ ਵਿਕਰੀ ਜਾਂ ਲੀਜ਼ਿੰਗ ਸਮਝੌਤੇ ਲਈ ਵਿੱਤ ਪ੍ਰਦਾਨ ਕਰਨ ਲਈ ਕੋਈ ਕਲਾਸ ਵਾਹਨ ਖਰੀਦਿਆ ਹੈ (ਸਿਰਫ਼ ਉਹਨਾਂ ਵਾਹਨਾਂ ਦੇ ਸਬੰਧ ਵਿੱਚ); (6) Idealease ਅਤੇ Navistar Leasing Co.; ਅਤੇ (7) ਕੋਈ ਵੀ ਵਿਅਕਤੀ ਜਾਂ ਸੰਸਥਾ ਜਿਸ ਕੋਲ 30 ਦਿਨਾਂ ਜਾਂ ਇਸ ਤੋਂ ਘੱਟ ਲਈ ਕਲਾਸ ਵਾਹਨ ਦਾ ਪਟਾ ਸੀ।

### ਕਿਹੜੇ ਵਾਹਨ ਸ਼ਾਮਲ ਹਨ?

"ਕਲਾਸ ਵਾਹਨ" ਦਾ ਅਰਥ ਹੈ ਚੋਣਾਤਮਕ ਕੈਟਾਲਿਟਿਕ ਕਟੌਤੀ ਤਕਨਾਲੋਜੀ ਦੀ ਵਰਤੋਂ ਕੀਤੇ ਬਿਨਾਂ, 2010 ਦੇ EPA ਮਿਆਰਾਂ ਦੀ ਪਾਲਣਾ ਕਰਨ ਲਈ ਪ੍ਰਮਾਣਿਤ MaxxForce 11-, 13-, ਜਾਂ 15-ਲੀਟਰ ਇੰਜਣਾਂ ਨਾਲ ਲੈਸ ਸਾਰੇ Navistar ਵਾਹਨ। ਕਲਾਸ ਵਾਹਨ 2011-2014 ਮਾਡਲ ਸਾਲ ਦੇ ਵਾਹਨ ਹਨ। ਇਸ ਵਿੱਚ ਨਿਮਨਲਿਖਤ Navistar ਟਰੱਕ ਬ੍ਰਾਂਡ ਸ਼ਾਮਲ ਹਨ: "PAYSTAR", "WORKSTAR", "TRANSTAR", "9900i", "LONESTAR", ਅਤੇ "PROSTAR"।

ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਤੁਸੀਂ ਸੈਟਲਮੈਂਟ ਕਲਾਸ ਦੇ ਮੈਂਬਰ ਹੋ, ਤਾਂ ਕਿਰਪਾ ਕਰਕੇ ਕਲਾਸ ਵਾਹਨਾਂ ਦੀ ਤੁਹਾਡੀ ਖਰੀਦ ਜਾਂ ਲੀਜ਼ ਨਾਲ ਸਬੰਧਤ ਕਿਸੇ ਵੀ ਦਸਤਾਵੇਜ਼ ਦੀ ਕਾਪੀ ਲੱਭੋ ਅਤੇ ਆਪਣੇ ਕੋਲ ਰੱਖੋ। ਇੱਕ ਵਾਰ ਇਹ ਅਦਾਲਤ ਦੁਆਰਾ ਮਨਜ਼ੂਰ ਹੋ ਜਾਣ

ਤੋਂ ਬਾਅਦ, ਸੈਟਲਮੈਂਟ ਤੋਂ ਪੈਸੇ ਜਾਂ ਛੋਟ ਲੈਣ ਲਈ ਦਾਅਵਾ ਕਰਨ ਲਈ ਇਹਨਾਂ ਦੀ ਲੋੜ ਹੋਵੇਗੀ, । ਜੇਕਰ ਤੁਹਾਡੇ ਕੋਲ ਇਸ ਬਾਰੇ ਸਵਾਲ ਹਨ ਕਿ ਤੁਹਾਨੂੰ ਕਿਹੜੇ ਦਸਤਾਵੇਜ਼ ਰੱਖਣੇ ਚਾਹੀਦੇ ਹਨ, ਤਾਂ ਕਿਰਪਾ ਕਰਕੇ navistarsettlement@ricepoint.com ਜਾਂ 1-866-573-2710 'ਤੇ ਸੈਟਲਮੈਂਟ ਐਡਮਿਨਿਸਟ੍ਰੇਟਰ ਨਾਲ ਸੰਪਰਕ ਕਰੋ।

## ਮੈਨੂੰ ਅਜੇ ਵੀ ਪੱਕਾ ਪਤਾ ਨਹੀਂ ਹੈ ਕਿ ਮੈਨੂੰ ਸ਼ਾਮਲ ਕੀਤਾ ਗਿਆ ਹੈ ਜਾਂ ਨਹੀਂ

ਇਸ ਨੋਟਿਸ ਵਿੱਚ ਸਮਝੌਤੇ ਦਾ ਸਿਰਫ਼ ਇੱਕ ਸਾਰ ਦਿੱਤਾ ਗਿਆ ਹੈ ਅਤੇ ਸੈਟਲਮੈਂਟ ਕਲਾਸ ਦੇ ਮੈਂਬਰਾਂ ਨੂੰ ਪੂਰੇ ਨਿਪਟਾਰੇ ਦੀ ਔਨਲਾਈਨ ਸਮੀਖਿਆ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਦੀ ਕਾਪੀ ਨਿਪਟਾਰੇ ਦੀ ਵੈੱਬਸਾਈਟ www.navistarsettlement.ca ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

ਜੇਕਰ ਤੁਸੀਂ ਸੈਟਲਮੈਂਟ ਇਕਰਾਰਨਾਮੇ ਦੀ ਕਾਪੀ ਚਾਹੁੰਦੇ ਹੋ ਜਾਂ ਤੁਹਾਡੇ ਕੋਈ ਸਵਾਲ ਹਨ ਜਿਨ੍ਹਾਂ ਦੇ ਜਵਾਬ ਔਨਲਾਈਨ ਨਹੀਂ ਦਿੱਤੇ ਗਏ ਹਨ, ਤਾਂ ਕਿਰਪਾ ਕਰਕੇ ਹੇਠਾਂ ਦਿੱਤੀ ਗਈ ਜਾਣਕਾਰੀ 'ਤੇ, ਉਚਿਤ ਕਲਾਸ ਕਾਉਂਸਲ ਜਾਂ ਸੈਟਲਮੈਂਟ ਐਡਮਿਨਿਸਟ੍ਰੇਟਰ ਨਾਲ ਸੰਪਰਕ ਕਰੋ। **ਪੁੱਛਗਿੱਛ ਅਦਾਲਤ ਕੋਲੋਂ ਨਹੀਂ ਕੀਤੀ ਜਾਣੀ ਚਾਹੀਦੀ।**

## ਨਿਪਟਾਰਾ (ਸੈਟਲਮੈਂਟ)

ਨਿਪਟਾਰੇ ਲਈ CAD $13,775,000 ਨਕਦ ("ਨਕਦੀ ਰਕਮ"), ਅਤੇ CAD $725,000 ਛੋਟਾਂ ("ਛੂਟਾਂ ਦੀ ਰਕਮ") ਲਈ, ਸੈਟਲਮੈਂਟ ਕਲਾਸ ਦੇ ਲਾਭ ਲਈ CAD $14,500,000 ਦੇ ਸਮੂਹਿਕ ਤੌਰ 'ਤੇ ("ਸੈਟਲਮੈਂਟ ਰਕਮ") ਭੁਗਤਾਨ ਦੀ ਲੋੜ ਹੈ।

ਨਕਦ ਰਕਮ, ਕੋਰਟ ਦੁਆਰਾ ਪ੍ਰਵਾਨਿਤ ਕਲਾਸ ਕਾਉਂਸਲ ਫੀਸਾਂ, ਵੰਡ, ਪ੍ਰਸ਼ਾਸਨ ਦੇ ਖਰਚੇ ਅਤੇ ਲਾਗੂ ਟੈਕਸ ਘਟਾਉਣ ਦੇ ਬਾਅਦ, ਵੰਡਣ ਤੱਕ ਸੈਟਲਮੈਂਟ ਕਲਾਸ ਦੇ ਮੈਂਬਰਾਂ ਦੇ ਲਾਭ ਲਈ ਇੱਕ ਵਿਆਜ-ਧਾਰਕ ਟਰੱਸਟ ਖਾਤੇ ਵਿੱਚ ਰੱਖੇ ਜਾਣਗੇ ("ਨਕਦ ਫੰਡ" ਅਤੇ ਛੋਟ ਦੀ ਰਕਮ ਮਿਲਾ ਕੇ ਕੁੱਲ "ਸੈਟਲਮੈਂਟ ਫੰਡ")।

ਇੱਕ ਵਾਰ ਮਨਜ਼ੂਰੀ ਮਿਲਣ 'ਤੇ, ਇੱਕ ਵੱਖਰਾ ਨੋਟਿਸ ਸੈਟਲਮੈਂਟ ਕਲਾਸ ਦੇ ਮੈਂਬਰਾਂ ਲਈ ਸੈਟਲਮੈਂਟ ਤੋਂ ਪੈਸੇ ਪ੍ਰਾਪਤ ਕਰਨ ਲਈ ਇੱਕ ਦਾਅਵਾ ਫਾਰਮ ਜਮ੍ਹਾਂ ਕਰਾਉਣ ਦੀ ਪ੍ਰਕਿਰਿਆ ਦਾ ਐਲਾਨ ਕਰੇਗਾ। ਜੇਕਰ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਸੈਟਲਮੈਂਟ ਫੰਡ ਬਾਅਦ ਦੀ ਮਿਤੀ 'ਤੇ ਵੰਡੇ ਜਾਣਗੇ। ਜੇਕਰ ਸੈਟਲਮੈਂਟ ਮਨਜ਼ੂਰ ਹੋ ਜਾਂਦੀ ਹੈ, ਤਾਂ ਇਹ ਉਹਨਾਂ ਸਾਰੇ ਸੈਟਲਮੈਂਟ ਕਲਾਸ ਮੈਂਬਰਾਂ ਲਈ ਲਾਜ਼ਮੀ ਹੋਵੇਗੀ ਜਿਨ੍ਹਾਂ ਨੇ ਆਪਣੇ ਆਪ ਨੂੰ ਵੱਖ ਨਹੀਂ ਕੀਤਾ ਹੈ ਅਤੇ ਕਾਰਵਾਈ ਨੂੰ ਖਤਮ ਕਰ ਦੇਵੇਗੀ।

## ਜੇ ਸੈਟਲਮੈਂਟ ਮਨਜ਼ੂਰ ਹੋ ਜਾਂਦੀ ਹੈ ਤਾਂ ਮੈਨੂੰ ਕੀ ਮਿਲ ਸਕਦਾ ਹੈ?

ਜੇਕਰ ਸੈਟਲਮੈਂਟ ਨੂੰ ਮਨਜ਼ੂਰੀ ਦਿੱਤੀ ਜਾਂਦੀ ਹੈ ਤਾਂ ਤੁਸੀਂ ਆਪਣੀ ਮਾਲਕੀ ਵਾਲੇ ਹਰੇਕ ਕਲਾਸ ਵਾਹਨ ਜਾਂ 30 ਦਿਨਾਂ ਤੋਂ ਵੱਧ ਲਈ ਲੀਜ਼ ਲਈ ਮੁਆਵਜ਼ੇ ਵਾਸਤੇ ਹੇਠਾਂ ਦਿੱਤੇ ਤਿੰਨ ਵਿਕਲਪਾਂ ਵਿੱਚੋਂ ਸਿਰਫ਼ ਇੱਕ ਦੀ ਚੋਣ ਕਰ ਸਕਦੇ ਹੋ:

**ਨਕਦ ਵਿਕਲਪ:** ਨਕਦ ਵਿਕਲਪ ਮਾਲਕੀ ਜਾਂ ਲੀਜ਼ ਦੇ ਮਹੀਨਿਆਂ ਦੇ ਆਧਾਰ 'ਤੇ ਪ੍ਰਤੀ ਕਲਾਸ ਵਾਹਨ $2,500 ਤੱਕ ਦਾ ਭੁਗਤਾਨ ਕਰਦਾ ਹੈ। ਮਾਲਕੀ ਜਾਂ ਲੀਜ਼ ਦਾ ਹਰੇਕ ਪ੍ਰਦਰਸ਼ਿਤ ਮਹੀਨਾ ਨਿਮਨਲਿਖਤ ਰਕਮਾਂ ਲਈ, ਕੁਝ ਸੀਮਾਵਾਂ ਦੇ ਨਾਲ, ਯੋਗ ਹੈ:

| ਕਲਾਸ ਵਾਹਨ ਮਾਡਲ ਸਾਲ | ਪੈਸੇ ਦੀ ਰਕਮ |
|---|---|
| 2011 | $19.38/ਮਹੀਨਾ |
| 2012 | $21.37/ ਮਹੀਨਾ |
| 2013 | $23.81/ ਮਹੀਨਾ |
| 2014 | $26.88/ ਮਹੀਨਾ |

**ਛੋਟ ਵਾਲਾ ਵਿਕਲਪ**: ਛੋਟ ਵਿਕਲਪ ਇੱਕ ਕਲਾਸ ਵਾਹਨ ਦੀ ਮਾਲਕੀ ਜਾਂ ਲੀਜ਼ ਦੇ ਮਹੀਨਿਆਂ ਦੇ ਅਧਾਰ 'ਤੇ, ਇੱਕ ਨਵੇਂ Navistar Class 8 ਹੈਵੀ-ਡਿਊਟੀ ਟਰੱਕ ਦੀ ਖਰੀਦ ਲਈ $10,000 ਤੱਕ ਦੀ ਛੋਟ ਪ੍ਰਦਾਨ ਕਰਦਾ ਹੈ। ਛੋਟਾਂ ਨੂੰ ਸਭ ਤੋਂ ਵਧੀਆ ਸੌਦਾ ਕੀਤੇ ਪ੍ਰਚੂਨ ਖਰੀਦ ਮੁੱਲ (ਵਿਕਰੀ ਟੈਕਸ ਜਾਂ ਡਿਲੀਵਰੀ ਫੀਸਾਂ ਸ਼ਾਮਲ ਕੀਤੇ ਬਿਨਾ) ਵਿੱਚੋਂ ਘਟਾਇਆ ਜਾਏਗਾ ਅਤੇ ਨਾਲ ਹੀ ਖਰੀਦ ਦੇ ਸਮੇਂ ਲਾਗੂ ਸਾਰੇ ਦੂਜੇ ਪ੍ਰੋਮੋਸ਼ਨ, ਛੋਟ, ਜਾਂ ਡਿਸਕਾਉਂਟ, ਜਿਨ੍ਹਾਂ ਲਈ ਦੋਵੇਂ ਖਰੀਦਦਾਰੀ ਅਤੇ ਖਰੀਦਦਾਰ ਵੈਸੇ ਵੀ ਯੋਗ ਹਨ, ਦਿੱਤੇ ਜਾਣਗੇ। ਛੋਟਾਂ ਤਬਾਦਲੇਯੋਗ ਨਹੀਂ ਹਨ ਅਤੇ ਇਕੱਠਿਆਂ ਕਰਨ ਯੋਗ ਨਹੀਂ ਹਨ, ਅਤੇ ਕਿਸੇ ਵੀ ਸੈਟਲਮੈਂਟ ਕਲਾਸ ਮੈਂਬਰ ਨੂੰ ਦਸ (10) ਤੋਂ ਵੱਧ ਛੋਟਾਂ ਜਾਰੀ ਨਹੀਂ ਕੀਤੀਆਂ ਜਾਣਗੀਆਂ। ਮਾਲਕੀ ਜਾਂ ਲੀਜ਼ ਦਾ ਹਰੇਕ ਪ੍ਰਦਰਸ਼ਿਤ ਮਹੀਨਾ ਨਿਮਨਲਿਖਤ ਛੋਟ ਰਕਮਾਂ ਲਈ, $10,000 ਤੱਕ, ਕੁਝ ਸੀਮਾਵਾਂ ਦੇ ਅਧੀਨ, ਯੋਗ ਹੈ:

| ਕਲਾਸ ਵਾਹਨ ਮਾਡਲ ਸਾਲ | ਪੈਸੇ ਦੀ ਰਕਮ |
|---|---|
| 2011 | $77.52/ ਮਹੀਨਾ |
| 2012 | $85.47/ ਮਹੀਨਾ |
| 2013 | $95.24/ ਮਹੀਨਾ |
| 2014 | $107.53/ ਮਹੀਨਾ |

**ਵਿਅਕਤੀਗਤ ਸਾਬਤ ਕਰਨ ਦਾ ਵਿਕਲਪ:** ਵਿਅਕਤੀਗਤ ਸਾਬਤ ਕਰਨ ਦਾ ਵਿਕਲਪ ਪ੍ਰਤੀ ਕਲਾਸ ਵਾਹਨ ਲਈ $15,000 ਤੱਕ "ਕਵਰਡ ਲਾਗਤਾਂ" ਨੂੰ ਸਾਬਤ ਕਰਨ ਦਾ ਵਿਕਲਪ ਪ੍ਰਦਾਨ ਕਰਦਾ ਹੈ। ਕੋਈ ਵੀ ਸੈਟਲਮੈਂਟ ਕਲਾਸ ਮੈਂਬਰ ਜੋ ਸ਼ੁਰੂ ਵਿੱਚ ਵਿਅਕਤੀਗਤ ਸਾਬਤ ਕਰਨ ਦੇ ਵਿਕਲਪ ਦੀ ਚੋਣ ਕਰਦਾ ਹੈ, ਆਪਣੇ ਅਵਾਰਡ ਦੇ ਅੰਤਿਮ ਨਿਰਧਾਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਆਪਣੀ ਚੋਣ ਬਦਲ ਕੇ ਨਕਦ ਵਿਕਲਪ ਲੈ ਸਕਦਾ ਹੈ। ਸੰਭਾਵੀ ਮੁਆਵਜ਼ੇ ਦੀ ਮਾਤਰਾ, "ਕਵਰਡ ਇਵੈਂਟ" ਵਜੋਂ ਯੋਗਤਾ ਪੂਰੀ ਕਰਨ ਵਾਲੇ, ਅਤੇ ਕੁਝ "ਕਵਰਡ ਲਾਗਤਾਂ" ਦੀ ਲੋੜ ਨੂੰ ਪੂਰਾ ਕਰਨ ਵਾਲੇ, ਕਲਾਸ ਵਾਹਨਾਂ 'ਤੇ ਇਕੱਠੇ ਕੀਤੇ ਗਏ ਕਿਲੋਮੀਟਰਾਂ ਦੀ ਸੰਖਿਆ 'ਤੇ ਨਿਰਭਰ ਕਰਦੀ ਹੈ।

ਕਵਰਡ ਈਵੈਂਟਾਂ ਅਤੇ "ਕਵਰਡ ਲਾਗਤਾਂ" ਦੀਆਂ ਕਈ ਸ਼੍ਰੇਣੀਆਂ ਹਨ। ਇਹਨਾਂ ਵਿੱਚ ਸ਼ਾਮਲ ਹਨ:

- EGR ਕੂਲਰ, ਜਾਂ EGR ਵਾਲਵ ਦੀ ਮੁਰੰਮਤ ਜਾਂ ਬਦਲਣ ਲਈ ਇੱਕ ਸਰਵਿਸ ਈਵੈਂਟ;
- EGR ਕੂਲਰ ਜਾਂ ਓਘ੍ਰ ਵਾਲਵ ਨੂੰ ਬਦਲਣ ਦੇ 30 ਦਿਨਾਂ ਦੇ ਅੰਦਰ ਸੈਕੰਡਰੀ ਭਾਗਾਂ ਦੀ ਮੁਰੰਮਤ ਜਾਂ ਬਦਲਣ ਲਈ ਇੱਕ ਸਰਵਿਸ ਈਵੈਂਟ; ਅਤੇ,
- ਉਪਰੋਕਤ ਸਰਵਿਸ ਈਵੈਂਟਾਂ ਦੇ ਨਤੀਜੇ ਵਜੋਂ ਅਸਲ ਵਿੱਚ ਖਰਚੇ ਗਏ ਪੈਸੇ, ਜਿਵੇਂ ਕਿ: ਪਾਰਟਸ ਅਤੇ ਲੇਬਰ, ਟੋਇੰਗ, ਕਿਰਾਏ ਦੇ ਟਰੱਕ, ਲੋਡ ਸਬੰਧੀ ਮਾਲੀਏ ਦਾ ਨੁਕਸਾਨ, ਯਾਤਰਾ ਦੇ ਖਰਚੇ, ਮਜ਼ਦੂਰੀ, ਪਰਮਿਟ, ਅਤੇ ਲੋਡਿੰਗ/ਅਨਲੋਡਿੰਗ।

ਕਵਰਡ ਇਵੈਂਟਸ, ਕਵਰਡ ਲਾਗਤਾਂ, ਅਤੇ ਉਹਨਾਂ ਦੀਆਂ ਸ਼ਰਤਾਂ ਦੀ ਪੂਰੀ ਸੂਚੀ ਲਈ ਕਿਰਪਾ ਕਰਕੇ www.navistarsettlement.ca 'ਤੇ ਉਪਲਬਧ ਸੈਟਲਮੈਂਟ ਇਕਰਾਰਨਾਮੇ ਨੂੰ ਦੇਖੋ। ਕਿਸੇ ਵੀ ਵਿਕਲਪ ਦੇ ਅਧੀਨ ਸੈਟਲਮੈਂਟ ਕਲਾਸ ਦੇ ਮੈਂਬਰਾਂ ਦੁਆਰਾ ਪ੍ਰਾਪਤ ਕੀਤੀ ਰਕਮਾਂ ਕਿਸੇ ਖਾਸ ਸਮੂਹ ਦੁਆਰਾ ਦਾਅਵਿਆਂ ਦੀ ਸੰਖਿਆ ਦੇ ਆਧਾਰ 'ਤੇ ਘਟਾਈਆਂ ਜਾਂ ਵਧਾਈਆਂ ਜਾ ਸਕਦੀਆਂ ਹਨ। ਕੁਝ ਸੀਮਾਵਾਂ ਲਾਗੂ ਹੁੰਦੀਆਂ ਹਨ, ਖਾਸ ਤੌਰ 'ਤੇ ਜੇ ਇੱਕ ਸੈਟਲਮੈਂਟ ਕਲਾਸ ਮੈਂਬਰ ਨੇ ਦੂਜੇ ਸੈਟਲਮੈਂਟ ਕਲਾਸ ਮੈਂਬਰ ਨੂੰ ਟਰੱਕ ਲੀਜ਼ 'ਤੇ ਦਿੱਤਾ ਹੋਵੇ। ਪੂਰਾ ਸਮਝੌਤਾ ਸਮਝੌਤਾ ਦੇਖਣ ਲਈ, ਕਿਰਪਾ ਕਰਕੇ www.navistarsettlement.ca 'ਤੇ ਜਾਓ। ਕਿਸੇ ਵੀ ਹੋਰ ਸਵਾਲ ਲਈ, ਕਿਰਪਾ ਕਰਕੇ ਹੇਠਾਂ ਦਿੱਤੀ ਜਾਣਕਾਰੀ ਮੁਤਾਬਕ ਕਲਾਸ ਕਾਉਂਸਲ ਨਾਲ ਸੰਪਰਕ ਕਰੋ।

## ਮੈਨੂੰ ਸੈਟਲਮੈਂਟ ਭੁਗਤਾਨ ਕਦੋਂ ਮਿਲੇਗਾ?

ਅਦਾਲਤ 30 ਨਵੰਬਰ, 2023 ਨੂੰ ਸੈਟਲਮੈਂਟ ਨੂੰ ਮਨਜ਼ੂਰੀ ਦੇਣੀ ਹੈ ਜਾਂ ਨਹੀਂ ਇਹ ਨਿਰਧਾਰਤ ਕਰਨ ਲਈ ਸੁਣਵਾਈ ਕਰ ਰਹੀ ਹੈ। ਉਸ ਸੁਣਵਾਈ ਤੋਂ ਬਾਅਦ, ਸੈਟਲਮੈਂਟ ਕਲਾਸ ਦੇ ਮੈਂਬਰਾਂ ਲਈ ਦਾਅਵੇ ਕਰਨ ਲਈ ਇੱਕ ਸਮਾਂ-ਸਾਰਣੀ ਤੈਅ ਕੀਤੀ ਜਾਵੇਗੀ। ਜੇਕਰ ਸੈਟਲਮੈਂਟ ਮਨਜ਼ੂਰ ਹੋ ਜਾਂਦੀ ਹੈ ਤਾਂ ਤੁਹਾਨੂੰ ਦਾਅਵਾ ਕਿਵੇਂ ਕਰਨਾ ਹੈ ਇਸ ਬਾਰੇ ਨਿਰਦੇਸ਼ਾਂ ਦੇ ਨਾਲ ਇੱਕ ਹੋਰ ਨੋਟਿਸ ਮਿਲੇਗਾ।

## ਆਪਣੇ ਆਪ ਨੂੰ ਕਲਾਸ ਤੋਂ ਬਾਹਰ ਰੱਖਣਾ (ਔਪਟ-ਆਊਟ ਕਰਨਾ)

ਜੇਕਰ ਤੁਸੀਂ ਸੈਟਲਮੈਂਟ ਕਲਾਸ ਦੇ ਮੈਂਬਰ ਹੋ ਪਰ ਐਕਸ਼ਨ ਜਾਂ ਸੈਟਲਮੈਂਟ (ਜੇਕਰ ਮਨਜ਼ੂਰ ਹੁੰਦਾ ਹੈ) ਦੁਆਰਾ ਬੰਨ੍ਹੇ ਨਹੀਂ ਰਹਿਣਾ ਚਾਹੁੰਦੇ ਹੋ, ਤਾਂ ਤੁਹਾਨੂੰ 17 ਨਵੰਬਰ, 2023 ਤੱਕ ਆਪਣੇ ਆਪ ਨੂੰ ਬਾਹਰ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਇਸ ਨੂੰ ਐਕਸ਼ਨ ਤੋਂ ਬਾਹਰ ਹੋਣਾ ਕਿਹਾ ਜਾਂਦਾ ਹੈ। ਜੇਕਰ ਤੁਸੀਂ ਅੰਤਿਮ ਮਿਤੀ ਤੱਕ ਕੋਈ ਕਦਮ ਨਹੀਂ ਚੁੱਕਦੇ ਹੋ ਤਾਂ ਤੁਸੀਂ ਸੈਟਲਮੈਂਟ ਕਲਾਸ ਦਾ ਹਿੱਸਾ ਹੋਵੋਗੇ।

### ਮੈਂ ਔਪਟ-ਆਊਟ ਕਿਵੇਂ ਕਰਾਂ?

ਜੇ ਕੋਈ ਸੈਟਲਮੈਂਟ ਕਲਾਸ ਮੈਂਬਰ ਕਾਰਵਾਈ ਤੋਂ ਬਾਹਰ ਰਹਿਣਾ ਚਾਹੁੰਦਾ ਹੈ, ਤਾਂ ਉਸਨੂੰ ਸੈਟਲਮੈਂਟ ਐਡਮਿਨਿਸਟ੍ਰੇਟਰ ਨੂੰ ਔਪਟ-ਆਊਟ ਕਰਨ ਲਈ ਬੇਨਤੀ ਦਰਜ ਕਰਨੀ ਚਾਹੀਦੀ ਹੈ:

Navistar MaxxForce Engine Class Action
c/o RicePoint Administration Inc.
P.O. Box 3355
London, ON N6A 4K3
Toll Free Number: 1-866-573-2710
Email: navistarsettlement@ricepoint.com

ਜੇਕਰ ਤੁਸੀਂ ਆਪਣੇ ਆਪ ਨੂੰ ਬਾਹਰ ਕੱਢਣਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੀ ਮਾਲਕੀ ਵਾਲੇ ਅਤੇ ਜਾਂ 30 ਦਿਨਾਂ ਤੋਂ ਵੱਧ ਲਈ ਲੀਜ਼ ਵਾਲੇ ਸਾਰੇ ਕਲਾਸ ਵਾਹਨਾਂ ਲਈ ਬਾਹਰ-ਰਖਾਈ ਦੀ ਬੇਨਤੀ ਕਰਨੀ ਚਾਹੀਦੀ ਹੈ। ਕੁਝ ਕਲਾਸ ਵਾਹਨਾਂ ਲਈ ਐਕਸ਼ਨ ਦੇ ਲਾਭਾਂ ਦੀ ਮੰਗ ਕਰਦੇ ਹੋਏ ਤੁਸੀਂ ਇੱਕ ਜਾਂ ਇੱਕ ਤੋਂ ਵੱਧ ਕਲਾਸ ਵਾਹਨਾਂ ਲਈ ਐਕਸ਼ਨ ਤੋਂ ਆਪਣੇ ਆਪ ਨੂੰ ਵੱਖ ਨਹੀਂ ਕਰ ਸਕਦੇ।

ਔਪਟ-ਆਊਟ ਬੇਨਤੀ 17 ਨਵੰਬਰ, 2023 ਨੂੰ ਜਾਂ ਇਸ ਤੋਂ ਪਹਿਲਾਂ ਉਪਰੋਕਤ ਪਤੇ 'ਤੇ ਪੋਸਟਮਾਰਕ ਕੀਤੀ ਜਾਣੀ ਚਾਹੀਦੀ ਹੈ। ਇਸ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ: (1) ਸੈਟਲਮੈਂਟ ਕਲਾਸ ਮੈਂਬਰ ਦਾ ਪੂਰਾ ਨਾਮ, ਪਤਾ, ਅਤੇ ਟੈਲੀਫੋਨ ਨੰਬਰ; (2) ਸੈਟਲਮੈਂਟ ਕਲਾਸ ਮੈਂਬਰ ਦੇ ਕਲਾਸ ਵਾਹਨਾਂ ਦਾ ਮਾਡਲ, ਮਾਡਲ ਸਾਲ, ਅਤੇ ੜੀਂ; (3) ਸੈਟਲਮੈਂਟ ਕਲਾਸ ਮੈਂਬਰ ਦੀ ਸੈਟਲਮੈਂਟ ਕਲਾਸ ਤੋਂ ਬਾਹਰ ਹੋਣ ਦੀ ਇੱਛਾ ਦਾ ਸਪੱਸ਼ਟ ਅਤੇ ਨਿਸ਼ਚਿਤ ਬਿਆਨ; ਅਤੇ (4) ਸੈਟਲਮੈਂਟ ਕਲਾਸ ਮੈਂਬਰ ਦੇ ਦਸਤਖਤ। ਜੇ ਸੈਟਲਮੈਂਟ ਕਲਾਸ ਮੈਂਬਰ ਇੱਕ ਸੰਸਥਾ ਹੈ ਨਾ ਕਿ ਕੋਈ ਵਿਅਕਤੀ, ਤਾਂ ਬੇਨਤੀ 'ਤੇ ਉਸ ਸੰਸਥਾ ਦੇ ਅਧਿਕਾਰੀ ਜਾਂ ਡਾਇਰੈਕਟਰ ਦੁਆਰਾ ਹਸਤਾਖਰ ਕੀਤੇ ਜਾਣੇ ਚਾਹੀਦੇ ਹਨ ਅਤੇ ਇੱਕ ਬਿਆਨ ਸ਼ਾਮਲ ਕਰਨਾ ਚਾਹੀਦਾ ਹੈ ਜੋ ਉਸ ਵਿਅਕਤੀ ਦੀ ਸੰਸਥਾ ਦੀ ਤਰਫੋਂ ਕੰਮ ਕਰਨ ਦੀ ਯੋਗਤਾ ਦੀ ਪੁਸ਼ਟੀ ਕਰਦਾ ਹੋਵੇ। ਸਿਰਫ਼ ਵਕੀਲ ਜਾਂ ਹੋਰ ਨੁਮਾਇੰਦਿਆਂ ਦੁਆਰਾ ਹਸਤਾਖਰ ਕੀਤੀਆਂ ਬਾਹਰ-ਰਖਾਈ ਲਈ ਬੇਨਤੀਆਂ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

### ਜੇਕਰ ਮੈਂ ਔਪਟ-ਆਊਟ ਨਹੀਂ ਕਰਦਾ/ਕਰਦੀ, ਕੀ ਮੈਂ ਬਾਅਦ ਵਿੱਚ ਉਸੇ ਚੀਜ਼ ਲਈ ਬਚਾਅ ਪੱਖ 'ਤੇ ਮੁਕੱਦਮਾ ਕਰ ਸਕਦਾ/ਸਕਦੀ ਹਾਂ?

ਨਹੀਂ। ਜਦੋਂ ਤੱਕ ਤੁਸੀਂ ਆਪਣੇ ਆਪ ਨੂੰ ਔਪਟ-ਆਊਟ ਨਹੀਂ ਕਰਦੇ, ਤੁਸੀਂ ਕਾਰਵਾਈ ਦੇ ਨਤੀਜੇ ਦੇ ਪਾਬੰਦ ਹੋਵੋਗੇ। ਜੇਕਰ ਸੈਟਲਮੈਂਟ ਮਨਜ਼ੂਰ ਹੋ ਜਾਂਦਾ ਹੈ, ਤਾਂ ਇਹ ਮੁਕੱਦਮੇ ਵਿਚਲੇ ਦਾਅਵਿਆਂ ਨਾਲ ਸਬੰਧਤ ਬਚਾਅ ਪੱਖ ਦੇ ਵਿਰੁੱਧ ਸੈਟਲਮੈਂਟ ਕਲਾਸ ਦੇ ਮੈਂਬਰਾਂ ਦੇ ਸਾਰੇ ਕਾਨੂੰਨੀ ਦਾਅਵਿਆਂ ਨੂੰ ਖਾਰਜ ਕਰੇਗਾ। ਤੁਹਾਨੂੰ ਆਪਣਾ ਮੁਕੱਦਮਾ ਜਾਰੀ ਰੱਖਣ ਲਈ ਇਸ ਸੈਟਲਮੈਂਟ ਕਲਾਸ ਤੋਂ ਆਪਣੇ ਆਪ ਨੂੰ ਬਾਹਰ ਰੱਖਣਾ ਜ਼ਰੂਰੀ ਹੈ।

### ਜੇਕਰ ਮੈਂ ਔਪਟ-ਆਊਟ ਕਰਦਾ/ਕਰਦੀ ਹਾਂ, ਤਾਂ ਕੀ ਮੈਂ ਸੈਟਲਮੈਂਟ ਤੋਂ ਪੈਸੇ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਨਹੀਂ। ਸਿਰਫ਼ ਸੈਟਲਮੈਂਟ ਕਲਾਸ ਦੇ ਮੈਂਬਰ ਹੀ ਸੈਟਲਮੈਂਟ ਵਿੱਚ ਹਿੱਸਾ ਲੈ ਸਕਦੇ ਹਨ ਅਤੇ ਮੁਆਵਜ਼ਾ ਪ੍ਰਾਪਤ ਕਰ ਸਕਦੇ ਹਨ, ਜੇਕਰ ਇਹ ਅਦਾਲਤ ਦੁਆਰਾ ਮਨਜ਼ੂਰ ਕੀਤਾ ਜਾਂਦਾ ਹੈ।

**ਜੇਕਰ ਮੈਂ ਔਪਟ-ਆਊਟ ਕਰਦਾ/ਕਰਦੀ ਹਾਂ, ਤਾਂ ਕੀ ਮੈਂ ਸੈਟਲਮੈਂਟ 'ਤੇ ਇਤਰਾਜ਼ ਕਰ ਸਕਦਾ/ਸਕਦੀ ਹਾਂ?**

ਨਹੀਂ। ਜੇਕਰ ਤੁਸੀਂ ਔਪਟ-ਆਉਟ ਕਰਦੇ ਹੋ, ਤਾਂ ਸੈਟਲਮੈਂਟ ਹੁਣ ਤੁਹਾਨੂੰ ਪ੍ਰਭਾਵਿਤ ਨਹੀਂ ਕਰੇਗਾ।

**ਐਕਸ਼ਨ ਵਿੱਚ ਰਹਿਣ ਲਈ ਮੈਂ ਕੀ ਛੱਡ ਰਿਹਾ/ਰਹੀ ਹਾਂ?**

ਜੇਕਰ ਸੈਟਲਮੈਂਟ ਮਨਜ਼ੂਰ ਹੋ ਜਾਂਦਾ ਹੈ, ਤਾਂ ਇਹ ਸੈਟਲਮੈਂਟ ਕਲਾਸ ਦੇ ਮੈਂਬਰਾਂ ਦੁਆਰਾ ਕਾਰਵਾਈ ਵਿੱਚ ਦਾਅਵਿਆਂ ਨਾਲ ਸਬੰਧਤ ਬਚਾਅ ਪੱਖ ਦੇ ਵਿਰੁੱਧ ਸਾਰੇ ਕਾਨੂੰਨੀ ਦਾਅਵਿਆਂ ਨੂੰ ਖਾਰਜ ਕਰੇਗਾ। ਇਸਦਾ ਮਤਲਬ ਹੈ ਕਿ, ਜੇਕਰ ਨਿਪਟਾਰਾ ਮਨਜ਼ੂਰ ਹੋ ਜਾਂਦਾ ਹੈ, ਤਾਂ ਤੁਸੀਂ ਨਿਪਟਾਰੇ ਵਿੱਚ ਮੁਆਵਜ਼ੇ ਲਈ, ਇਸ ਕੇਸ ਵਿੱਚ ਕਾਨੂੰਨੀ ਮੁੱਦਿਆਂ ਬਾਰੇ ਬਚਾਅ ਪੱਖ ਦੇ ਵਿਰੁੱਧ ਮੁਕੱਦਮਾ ਕਰਨ, ਮੁਕੱਦਮਾ ਜਾਰੀ ਰੱਖਣ, ਜਾਂ ਕਿਸੇ ਹੋਰ ਮੁਕੱਦਮੇ ਦਾ ਹਿੱਸਾ ਬਣਨ ਦੀ ਯੋਗਤਾ ਦਾ ਵਟਾਂਦਰਾ ਕਰਦੇ ਹੋ। ਇਸਦਾ ਇਹ ਵੀ ਮਤਲਬ ਹੈ ਕਿ ਅਦਾਲਤ ਦੇ ਸਾਰੇ ਹੁਕਮ ਤੁਹਾਡੇ 'ਤੇ ਲਾਗੂ ਹੋਣਗੇ ਅਤੇ ਤੁਹਾਨੂੰ ਕਾਨੂੰਨੀ ਤੌਰ 'ਤੇ ਬੰਨ੍ਹਣਗੇ।

## ਕਲਾਸ ਕਾਉਂਸਲ ਦੀ ਫੀਸ

**ਕੀ ਮੈਨੂੰ ਵਕੀਲ ਲਈ ਭੁਗਤਾਨ ਕਰਨਾ ਪਵੇਗਾ?**

ਕਲਾਸ ਦੇ ਮੈਂਬਰਾਂ ਦੀ ਨੁਮਾਇੰਦਗੀ ਕਲਾਸ ਕਾਉਂਸਲ ਦੁਆਰਾ ਕੀਤੀ ਜਾਂਦੀ ਹੈ। ਤੁਹਾਨੂੰ ਕਲਾਸ ਕਾਉਂਸਲ ਨੂੰ ਆਪਣੀ ਜੇਬ ਵਿੱਚੋਂ ਕੋਈ ਪੈਸਾ ਦੇਣ ਦੀ ਲੋੜ ਨਹੀਂ ਹੈ। ਜੇਕਰ ਤੁਸੀਂ ਆਪਣੇ ਖੁਦ ਦੇ ਵਕੀਲ ਦੁਆਰਾ ਨੁਮਾਇੰਦਗੀ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਖਰਚੇ 'ਤੇ ਕਿਸੇ ਵਕੀਲ ਨੂੰ ਨਿਯੁਕਤ ਕਰਨਾ ਚਾਹੀਦਾ ਹੈ। ਜੇਕਰ ਸੈਟਲਮੈਂਟ ਮਨਜ਼ੂਰ ਹੋ ਜਾਂਦਾ ਹੈ, ਤਾਂ ਕਲਾਸ ਕਾਉਂਸਲ ਸੈਟਲਮੈਂਟ ਫੰਡਾਂ ਤੋਂ ਅਦਾ ਕੀਤੀ ਜਾਣ ਵਾਲੀ ਸੈਟਲਮੈਂਟ ਰਕਮ ਦੇ 30% ਤੱਕ ਫੀਸਾਂ ਦੀ ਮੰਗ ਕਰੇਗਾ।

**ਕਲਾਸ ਕਾਉਂਸਲ ਅਤੇ ਪ੍ਰਤੀਨਿਧੀ ਮੁਦੱਈ ਨੂੰ ਕਿੰਨੇ ਪੈਸੇ ਮਿਲਣਗੇ?**

ਕਲਾਸ ਕਾਉਂਸਲ ਦੀਆਂ ਫੀਸਾਂ ਅਦਾਲਤ ਦੁਆਰਾ ਮਨਜ਼ੂਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਕਲਾਸ ਕਾਉਂਸਲ ਅਦਾਲਤ ਨੂੰ ਸੈਟਲਮੈਂਟ ਦੇ ਮੁੱਲ ਦੇ 30% ਤੱਕ ਦੀ ਫੀਸ ਨੂੰ ਮਨਜ਼ੂਰੀ ਦੇਣ ਲਈ ਕਹਿ ਸਕਦਾ ਹੈ, ਜੋ ਕਿ $4,350,000 ਅਤੇ ਲਾਗੂ ਟੈਕਸਾਂ ਦੇ ਬਰਾਬਰ ਹੈ।

ਕਲਾਸ ਕਾਉਂਸਲ ਅਦਾਲਤ ਨੂੰ "ਖਰਚੇ" ਨੂੰ ਮਨਜ਼ੂਰੀ ਦੇਣ ਲਈ ਵੀ ਕਹੇਗਾ ਜੋ ਕਿ ਜੇਬ ਤੋਂ ਬਾਹਰ ਦੇ ਖਰਚੇ ਹਨ ਜੋ ਕਿ ਕਲਾਸ ਕਾਉਂਸਲ ਨੇ ਕੇਸ ਲਈ ਮਾਹਰ ਗਵਾਹਾਂ ਲਈ ਅਤੇ ਹੋਰ ਲੋੜਾਂ ਸਮੇਤ ਅਦਾ ਕੀਤੇ ਹਨ।

ਦੇਸ਼ ਭਰ ਵਿੱਚ ਸ਼ੁਰੂ ਕੀਤੀਆਂ ਗਈਆਂ ਹੋਰ ਕਾਰਵਾਈਆਂ ਵਿੱਚ ਮੁਦਈ ਲਈ ਕਲਾਸ ਕਾਉਂਸਲ ਅਤੇ ਵਕੀਲ ਵੀ ਅਦਾਲਤ ਨੂੰ ਪ੍ਰਤੀਨਿਧੀ ਮੁਦੱਈ ਨੂੰ, ਅਤੇ/ਜਾਂ ਦੇਸ਼ ਭਰ ਵਿੱਚ ਸ਼ੁਰੂ ਕੀਤੀਆਂ ਕਾਰਵਾਈਆਂ ਵਿੱਚ ਮੁਦੱਈਆਂ ਨੂੰ CAD $6,000 ਦੇ ਇਨਾਮ ਨੂੰ ਮਨਜ਼ੂਰੀ ਦੇਣ ਲਈ ਕਹਿ ਸਕਦੇ ਹਨ। ਇਸਦਾ ਉਦੇਸ਼ ਉਹਨਾਂ ਦੇ ਯਤਨਾਂ, ਸਮੇਂ ਅਤੇ ਕਾਰਵਾਈਆਂ ਵਿੱਚ ਭਾਗੀਦਾਰੀ ਲਈ ਉਹਨਾਂ ਨੂੰ ਮੁਆਵਜ਼ਾ ਦੇਣਾ ਹੈ। ਪ੍ਰਤੀਨਿਧ ਮੁਦੱਈ ਵੀ ਹੋਰ ਸੈਟਲਮੈਂਟ ਕਲਾਸ ਮੈਂਬਰਾਂ ਵਾਂਗ ਸੈਟਲਮੈਂਟ ਵਿੱਚ ਹਿੱਸਾ ਲੈਣ ਦੇ ਹੱਕਦਾਰ ਹਨ।

ਕਲਾਸ ਕਾਉਂਸਲ ਅਤੇ ਪ੍ਰਤੀਨਿਧੀ ਮੁਦੱਈਆਂ ਨੂੰ ਅਦਾ ਕੀਤੀਆਂ ਰਕਮਾਂ ਨਕਦ ਰਕਮ ਵਿੱਚੋਂ ਕੱਟੀਆਂ ਜਾਣਗੀਆਂ।

ਜੇਕਰ ਤੁਸੀਂ ਕਲਾਸ ਕਾਉਂਸਲ ਦੀਆਂ ਫੀਸਾਂ ਜਾਂ ਪ੍ਰਤੀਨਿਧੀ ਮੁਦੱਈ(ਆਂ) ਦੇ ਪ੍ਰਸਤਾਵਿਤ ਮਾਣਭੱਤੇ 'ਤੇ ਟਿੱਪਣੀ ਕਰਨਾ ਚਾਹੁੰਦੇ ਹੋ ਜਾਂ ਕੋਈ ਇਤਰਾਜ਼ ਕਰਨਾ ਚਾਹੁੰਦੇ ਹੋ, ਤਾਂ ਤੁਹਾਡੇ ਬਾਰੇ ਲਿਖਤੀ ਨਿਵੇਦਨ ਅਤੇ ਹੋਰ ਜਾਣਕਾਰੀ 17 ਨਵੰਬਰ, 2023 ਤੱਕ ਕਲਾਸ ਕਾਉਂਸਲ (ਸੰਪਰਕ ਵੇਰਵੇ ਹੇਠਾਂ ਹਨ) ਨੂੰ ਦੇਣੀ ਚਾਹੀਦੀ ਹੈ। ਕਲਾਸ ਕਾਉਂਸਲ ਅਜਿਹੀਆਂ ਸਾਰੀਆਂ ਬੇਨਤੀਆਂ ਅਦਾਲਤ ਨੂੰ ਭੇਜੇਗਾ। ਤੁਹਾਨੂੰ ਕੀ ਜਮ੍ਹਾਂ ਕਰਾਉਣ ਦੀ ਲੋੜ ਹੈ ਇਸ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ www.navistarsettlement.ca 'ਤੇ ਜਾਓ।

**ਅਦਾਲਤ ਕਦੋਂ ਅਤੇ ਕਿੱਥੇ ਫੈਸਲਾ ਕਰੇਗੀ ਕਿ ਸੈਟਲਮੈਂਟ ਨੂੰ ਮਨਜ਼ੂਰੀ ਦਿੱਤੀ ਜਾਵੇ ਜਾਂ ਨਹੀਂ?**

ਅਦਾਲਤ 30 ਨਵੰਬਰ, 2023 ਨੂੰ ਸਮਝੌਤੇ ਨੂੰ ਮਨਜ਼ੂਰੀ ਦੇਣ ਬਾਰੇ ਫੈਸਲਾ ਕਰਨ ਲਈ ਸੁਣਵਾਈ ਕਰੇਗੀ। ਜੇਕਰ ਕੋਈ ਇਤਰਾਜ਼ ਹਨ, ਤਾਂ ਅਦਾਲਤ ਸੁਣਵਾਈ ਦੌਰਾਨ ਉਨ੍ਹਾਂ 'ਤੇ ਵਿਚਾਰ ਕਰੇਗੀ। ਅਦਾਲਤ ਇਹ ਵੀ ਫੈਸਲਾ ਕਰ ਸਕਦੀ ਹੈ ਕਿ ਕਲਾਸ ਕਾਉਂਸਲ ਅਤੇ ਪ੍ਰਤੀਨਿਧੀ ਮੁਦਈਆਂ ਨੂੰ ਕਿੰਨਾ ਭੁਗਤਾਨ ਕਰਨਾ ਹੈ। ਅਦਾਲਤ ਇਹ ਫੈਸਲਾ ਕਰ ਸਕਦੀ ਹੈ ਕਿ ਕੀ ਸੁਣਵਾਈ ਤੋਂ ਤੁਰੰਤ ਬਾਅਦ ਸੈਟਲਮੈਂਟ ਨੂੰ ਮਨਜ਼ੂਰੀ ਦੇਣੀ ਹੈ ਜਾਂ ਇਸ 'ਤੇ ਵਿਚਾਰ ਕਰਨ ਲਈ ਕੁਝ ਸਮਾਂ ਲੱਗ ਸਕਦਾ ਹੈ।

ਜੇਕਰ ਤੁਸੀਂ ਹਾਜ਼ਰ ਹੋਣਾ ਚਾਹੁੰਦੇ ਹੋ ਤਾਂ ਸੈਟਲਮੈਂਟ ਦੀ ਪ੍ਰਵਾਨਗੀ ਬਾਰੇ ਸੁਣਵਾਈ ਦੇ ਵੇਰਵਿਆਂ ਲਈ ਕਿਰਪਾ ਕਰਕੇ www.navistarsettlement.ca 'ਤੇ ਜਾਓ, ਜਾਂ ਕਲਾਸ ਕਾਉਂਸਲ ਨਾਲ ਸੰਪਰਕ ਕਰੋ।

## ਸੈਟਲਮੈਂਟ 'ਤੇ ਇਤਰਾਜ਼ ਜਤਾਉਣਾ ਜਾਂ ਟਿੱਪਣੀ ਕਰਨਾ

ਮਨਜ਼ੂਰੀ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ, ਤੁਸੀਂ ਅਦਾਲਤ ਨੂੰ ਸੈਟਲਮੈਂਟ 'ਤੇ ਆਪਣੀਆਂ ਟਿੱਪਣੀਆਂ ਜਾਂ ਇਤਰਾਜ਼ ਪੇਸ਼ ਕਰ ਸਕਦੇ ਹੋ। ਸੈਟਲਮੈਂਟ ਨੂੰ ਮਨਜ਼ੂਰੀ ਦੇਣੀ ਹੈ ਜਾਂ ਨਹੀਂ ਇਹ ਫੈਸਲਾ ਕਰਦੇ ਸਮੇਂ ਅਦਾਲਤ ਉਸ ਨੂੰ ਪ੍ਰਾਪਤ ਹੋਣ ਵਾਲੇ ਸਾਰੇ ਇਤਰਾਜਾਂ 'ਤੇ ਵਿਚਾਰ ਕਰੇਗੀ।

**ਇਤਰਾਜ਼ ਕਰਨ ਅਤੇ ਔਪਟ-ਆਉਟ ਕਰਨ ਵਿੱਚ ਕੀ ਅੰਤਰ ਹੈ?**

ਸੈਟਲਮੈਂਟ ਸਮਝੌਤੇ 'ਤੇ ਇਤਰਾਜ਼ ਕਰਨਾ ਜਾਂ ਟਿੱਪਣੀ ਕਰਨਾ ਅਦਾਲਤ ਨੂੰ ਇਹ ਦੱਸਣਾ ਹੈ ਕਿ ਤੁਸੀਂ ਸਮਝੌਤੇ ਬਾਰੇ ਕੀ ਸੋਚਦੇ ਹੋ। ਜੇਕਰ ਤੁਸੀਂ ਸੈਟਲਮੈਂਟ ਕਲਾਸ ਵਿੱਚ ਰਹਿੰਦੇ ਹੋ ਤਾਂ ਹੀ ਤੁਸੀਂ ਇਤਰਾਜ਼ ਜਾਂ ਟਿੱਪਣੀ ਕਰ ਸਕਦੇ ਹੋ। ਔਪਟ-ਆਊਟ ਕਰਨਾ ਅਦਾਲਤ ਨੂੰ ਦੱਸਦਾ ਹੈ ਕਿ ਤੁਸੀਂ ਸੈਟਲਮੈਂਟ ਕਲਾਸ ਦਾ ਹਿੱਸਾ ਨਹੀਂ ਬਣਨਾ ਚਾਹੁੰਦੇ। ਜੇਕਰ ਤੁਸੀਂ ਔਪਟ-ਆਊਟ ਕਰਦੇ ਹੋ, ਤਾਂ ਤੁਹਾਡੇ ਕੋਲ ਇਤਰਾਜ਼ ਕਰਨ ਦਾ ਕੋਈ ਆਧਾਰ ਨਹੀਂ ਹੈ ਕਿਉਂਕਿ ਕੇਸ ਹੁਣ ਤੁਹਾਨੂੰ ਪ੍ਰਭਾਵਿਤ ਨਹੀਂ ਕਰੇਗਾ।

**ਜੇਕਰ ਮੈਨੂੰ ਸੈਟਲਮੈਂਟ 'ਤੇ ਇਤਰਾਜ਼ ਹੈ ਪਰ ਸੈਟਲਮੈਂਟ ਮਨਜ਼ੂਰ ਹੋ ਜਾਂਦਾ ਹੈ, ਤਾਂ ਕੀ ਮੈਂ ਫਿਰ ਵੀ ਮੁਆਵਜ਼ੇ ਦਾ ਦਾਅਵਾ ਕਰ ਸਕਦਾ(ਦੀ) ਹਾਂ?**

ਹਾਂ।

**ਕੀ ਮੈਨੂੰ ਸੈਟਲਮੈਂਟ 'ਤੇ ਇਤਰਾਜ਼ ਕਰਨ ਲਈ ਵਕੀਲ ਦੀ ਲੋੜ ਹੈ?**

ਨਹੀਂ। ਪਰ ਜੇ ਤੁਸੀਂ ਕਿਸੇ ਵਕੀਲ ਦੁਆਰਾ ਨੁਮਾਇੰਦਗੀ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਆਪਣੇ ਖਰਚੇ 'ਤੇ ਕਿਸੇ ਨੂੰ ਇਸ ਕੰਮ ਲਈ ਰੱਖ ਸਕਦੇ ਹੋ।

**ਮੈਂ ਸੈਟਲਮੈਂਟ 'ਤੇ ਇਤਰਾਜ਼ ਜਾਂ ਟਿੱਪਣੀ ਕਿਵੇਂ ਕਰਾਂ?**

ਜੇਕਰ ਤੁਸੀਂ ਸੈਟਲਮੈਂਟ ਕਲਾਸ ਦੇ ਮੈਂਬਰ ਹੋ, ਤਾਂ ਤੁਸੀਂ ਸੈਟਲਮੈਂਟ 'ਤੇ ਇਤਰਾਜ਼ ਜਾਂ ਟਿੱਪਣੀ ਕਰ ਸਕਦੇ ਹੋ। ਤੁਸੀਂ ਅਦਾਲਤ ਨੂੰ ਵੱਖਰੇ ਸੈਟਲਮੈਂਟ ਦਾ ਹੁਕਮ ਦੇਣ ਲਈ ਨਹੀਂ ਕਹਿ ਸਕਦੇ; ਅਦਾਲਤ ਸੈਟਲਮੈਂਟ ਨੂੰ ਸਿਰਫ਼ ਮੌਜੂਦਾ ਰੂਪ ਵਿੱਚ ਮਨਜ਼ੂਰ ਜਾਂ ਅਸਵੀਕਾਰ ਕਰ ਸਕਦੀ ਹੈ। ਜੇਕਰ ਅਦਾਲਤ ਸੈਟਲਮੈਂਟ ਨੂੰ ਮਨਜ਼ੂਰੀ ਨਹੀਂ ਦਿੰਦੀ ਹੈ, ਤਾਂ ਕੋਈ ਸੈਟਲਮੈਂਟ ਭੁਗਤਾਨ ਨਹੀਂ ਭੇਜਿਆ ਜਾਵੇਗਾ, ਅਤੇ ਕਾਰਵਾਈ ਜਾਰੀ ਰਹੇਗੀ।

ਪ੍ਰਸਤਾਵਿਤ ਸੈਟਲਮੈਂਟ 'ਤੇ ਸਾਰੇ ਇਤਰਾਜ਼ ਜਾਂ ਟਿੱਪਣੀਆਂ ਲਿਖਤੀ ਰੂਪ ਵਿੱਚ ਹੋਣੀਆਂ ਚਾਹੀਦੀਆਂ ਹਨ ਅਤੇ ਹੇਠਾਂ ਦਿੱਤੀ ਗਈ ਜਾਣਕਾਰੀ ਮੁਤਾਬਕ ਕਲਾਸ ਕਾਉਂਸਲ ਨੂੰ ਭੇਜੀਆਂ ਜਾਣੀਆਂ ਚਾਹੀਦੀਆਂ ਹਨ। ਤੁਹਾਨੂੰ ਆਪਣੇ ਇਤਰਾਜ਼ ਦੇ ਨਾਲ ਆਪਣੇ ਬਾਰੇ ਜਾਣਕਾਰੀ ਦੇਣ ਦੀ ਲੋੜ ਹੈ। ਜੇਕਰ ਤੁਸੀਂ ਸਾਰੀ ਲੋੜੀਂਦੀ ਜਾਣਕਾਰੀ ਦੇ ਨਾਲ ਸਮੇਂ ਸਿਰ ਲਿਖਤੀ ਇਤਰਾਜ਼ ਜਾਂ ਟਿੱਪਣੀ ਦਾਇਰ ਕਰਦੇ ਹੋ, ਤਾਂ ਤੁਸੀਂ ਸੁਣਵਾਈ 'ਤੇ ਹਾਜ਼ਰ ਹੋ ਸਕਦੇ ਹੋ, ਪਰ ਉਸ ਸਮੇਂ ਤੁਹਾਡੀ ਨਿੱਜੀ ਮੌਜੂਦਗੀ ਜਾਂ ਤੁਹਾਡੇ ਵਕੀਲ ਦੀ ਮੌਜੂਦਗੀ ਲਾਜ਼ਮੀ ਨਹੀਂ ਹੈ ਜਦੋਂ

ਅਦਾਲਤ ਇਹ ਫੈਸਲਾ ਕਰੇਗੀ ਕਿ ਸੈਟਲਮੈਂਟ ਨੂੰ ਮਨਜ਼ੂਰੀ ਦੇਣੀ ਹੈ ਜਾਂ ਨਹੀਂ। ਤੁਹਾਡਾ ਇਤਰਾਜ਼ 17 ਨਵੰਬਰ, 2023 ਨੂੰ ਜਾਂ ਇਸ ਤੋਂ ਪਹਿਲਾਂ ਦਾਇਰ ਕੀਤਾ ਜਾਣਾ ਚਾਹੀਦਾ ਹੈ, ਵਰਨਾ ਇਸ 'ਤੇ ਵਿਚਾਰ ਨਹੀਂ ਕੀਤਾ ਜਾ ਸਕਦਾ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ www.navistarsettlement.ca 'ਤੇ ਜਾਓ।

## ਹੋਰ ਜਾਣਕਾਰੀ

### ਮੈਨੂੰ ਸੈਟਲਮੈਂਟ ਬਾਰੇ ਹੋਰ ਵੇਰਵਿਆਂ ਸਮੇਤ ਵਾਧੂ ਜਾਣਕਾਰੀ ਚਾਹੀਦੀ ਹੈ।

ਇਹ ਨੋਟਿਸ ਪ੍ਰਸਤਾਵਿਤ ਸੈਟਲਮੈਂਟ ਦੇ ਮੁੱਖ ਹਿੱਸਿਆਂ ਦਾ ਸਾਰ ਦਿੰਦਾ ਹੈ। ਤੁਸੀਂ ਪੂਰਾ ਸੈਟਲਮੈਂਟ ਅਤੇ ਹੋਰ ਮਹੱਤਵਪੂਰਨ ਦਸਤਾਵੇਜ਼ www.navistarsettlement.ca 'ਤੇ ਪੜ੍ਹ ਸਕਦੇ ਹੋ। ਇਸ ਨੋਟਿਸ ਅਤੇ ਸੈਟਲਮੈਂਟ ਵਿੱਚ ਵਰਤੇ ਗਏ ਪਰਿਭਾਸ਼ਕ ਸ਼ਬਦਾਂ ਵਿਚਕਾਰ ਕਿਸੇ ਵੀ ਟਕਰਾਅ ਦੀ ਸਥਿਤੀ ਵਿੱਚ, ਸੈਟਲਮੈਂਟ ਦੇ ਸ਼ਬਦਾਂ ਨੂੰ ਸਹੀ ਮੰਨਿਆ ਜਾਏਗਾ।

ਤੁਸੀਂ ਕਲਾਸ ਕਾਉਂਸਲ ਨਾਲ ਸੈਟਲਮੈਂਟ ਬਾਰੇ ਚਰਚਾ ਕਰ ਸਕਦੇ ਹੋ। ਕੇਸ ਬਾਰੇ ਅੱਪਡੇਟ ਲਈ ਤੁਹਾਨੂੰ ਨਿਯਮਿਤ ਤੌਰ 'ਤੇ ਵੈੱਬਸਾਈਟ ‘ਤੇ ਜਾਣਾ ਚਾਹੀਦਾ ਹੈ।

ਤੁਸੀਂ ਸੈਟਲਮੈਂਟ ਐਡਮਿਨਿਸਟ੍ਰੇਟਰ ਨਾਲ navistarsettlement@ricepoint.com ਅਤੇ 1-866-573-2710 'ਤੇ ਸੰਪਰਕ ਕਰ ਸਕਦੇ ਹੋ।

ਕਲਾਸ ਕਾਉਂਸਲ ਨਾਲ ਇੱਥੇ ਸੰਪਰਕ ਕੀਤਾ ਜਾ ਸਕਦਾ ਹੈ:

**Farris LLP** (ਕਿਊਬੈਕ ਦੇ ਇਲਾਵਾ ਕੈਨੇਡਾ ਦੇ ਕਲਾਸ ਮੈਂਬਰ)
2500 – 700 West Georgia Street,
Vancouver, British Columbia V7Y 1B3
**Attn: Robert Anderson, K.C. and Nicholas Hooge**
604-661-9372
ਜਾਂ ਈਮੇਲ: randerson@farris.com, nhooge@farris.com ਜਾਂ mkshergill@farris.com (ਅੰਗਰੇਜ਼ੀ ਅਤੇ ਪੰਜਾਬੀ)

**Foreman & Company Professional Corporation** (ਓਨਟਾਰੀਓ ਦੇ ਕਲਾਸ ਮੈਂਬਰ)
4 Covent Market Place
London, ON N6A 1E2
**Attn: Jonathan Foreman**
ਟੌਲ ਫ੍ਰੀ: 1-855-814-4575 ਐਕਸਟੈਂਸ਼ਨ. 106
ਜਾਂ ਈਮੇਲ: classactions@foremancompany.com

**Rochon Genova LLP** (ਓਨਟਾਰੀਓ ਦੇ ਕਲਾਸ ਮੈਂਬਰ)
121 Richmond Street W., Suite 900
Toronto, ON M5H 2K1
**Attn: Joel Rochon**
ਟੌਲ ਫ੍ਰੀ: 1-800-462-3864
ਜਾਂ ਈਮੇਲ: contact@rochongenova.com

# ਕਿਊਬੈਕ

## ਕਿਊਬੈਕ ਦੇ ਵਸਨੀਕਾਂ ਬਾਰੇ ਕੀ?

ਕਿਊਬੈਕ ਦੇ ਵਸਨੀਕ ਇੱਕ ਵੱਖਰੇ ਕੇਸ ਤੋਂ ਵੱਖਰੇ ਸੈਟਲਮੈਂਟ ਲਈ ਯੋਗ ਸਨ: 4037308 Canada Inc. v. Navistar Canada Inc., ਕਿਊਬੈਕ ਦੀ ਸੁਪੀਰੀਅਰ ਕੋਰਟ ਫਾਈਲ ਨੰਬਰ 500-06-000720-140, ਡਿਸਟ੍ਰਿਕਟ ਆਫ਼ ਮਾਂਟਰੀਅਲ। ਉਸ ਸੈਟਲਮੈਂਟ ਨੂੰ ਮਨਜ਼ੂਰੀ ਦੇ ਦਿੱਤੀ ਜਾ ਚੁਕੀ ਹੈ, ਅਤੇ ਉਸ ਸੈਟਲਮੈਂਟ ਵਿੱਚ ਮੁਆਵਜ਼ੇ ਦਾ ਦਾਅਵਾ ਕਰਨ ਦਾ ਮੌਕਾ ਹੁਣ ਬੰਦ ਹੋ ਗਿਆ ਹੈ। ਕਿਊਬੈਕ ਸੈਟਲਮੈਂਟ ਬਾਰੇ ਕੋਈ ਵੀ ਸਵਾਲ Consumer Law Group, ਕਿਊਬੈਕ ਕਲਾਸ ਦੇ ਵਕੀਲ ਨੂੰ ਟੈਲੀਫ਼ੋਨ: 1-888-909-7863, ਜਾਂ ਈਮੇਲ: info@clg.org 'ਤੇ ਭੇਜੇ ਜਾ ਸਕਦੇ ਹਨ।